12 Beds, 7 Baths For 24 Guests 905-965-4644
ਦੰਦਾਂ ਦੀ ਦੇਖਭਾਲ 905-450-5600
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਸਸਤੀਆਂ ਹਵਾਈ ਟਿਕਟਾਂ 905-595-1700
ਜਾਦੂ ਟੂਣੇ ਦੀ ਕਾਟ 1-604-961-6635
12 Beds, 7 Baths For 24 Guests 905-965-4644
Sher Atta $14.99 20LB 905-678-0300
ਮਰਦਾਨਾ ਕਮਜ਼ੋਰੀ 416-992-5489

Toronto ਦਾ One Stop Center For Women ਭਾਰਤੀ ਔਰਤਾਂ ਨੂੰ ਦੇਵੇਗਾ ਵਿੱਤੀ ਸਹਾਇਤਾ

ਟੋਰੌਂਟੋ: ਕੈਨੇਡਾ ਦੇ ਟੋਰੌਂਟੋ 'ਚ ਭਾਰਤ ਦੇ ਕੌਂਸਲੇਟ ਜਨਰਲ ਵਲੋਂ ਮੁਸੀਬਤ 'ਚ ਫ਼ਸੀਆਂ ਭਾਰਤੀ ਮਹਿਲਾਵਾਂ ਦੀ ਮਦਦ ਲਈ ਸਥਾਪਤ ਕੀਤਾ ਗਿਆ **One Stop Center For Women** ਹੁਣ ਪੂਰੀ ਤਰ੍ਹਾਂ ਕਾਰਜਸ਼ੀਲ ਹੋ ਗਿਆ ਹੈ। ਇਹ ਕੇਂਦਰ ਕੈਨੇਡਾ 'ਚ ਭਾਰਤੀ ਮਹਿਲਾ ਨਾਗਰਿਕਾਂ ਨੂੰ ਇੱਕ ਸੁਰੱਖਿਅਤ ਅਤੇ ਸੰਮਲਿਤ ਮਾਹੌਲ ਪ੍ਰਦਾਨ ਕਰਦੇ ਹੋਏ ਲੋੜੀਂਦੀ ਸਹਾਇਤਾ ਮੁਹੱਈਆ ਕਰਵਾ ਰਿਹਾ ਹੈ।

ਟੋਰੌਂਟੋ 'ਚ ਭਾਰਤ ਦੇ ਕਾਰਜਕਾਰੀ ਕੌਂਸਲ ਜਨਰਲ ਕਪਿਧਵਜ ਪ੍ਰਤਾਪ ਸਿੰਘ ਨੇ ਦੱਸਿਆ ਕਿ ਇਹ ਕੇਂਦਰ ਕੈਨੇਡੀਅਨ ਅਤੇ ਭਾਰਤੀ ਅਧਿਕਾਰੀਆਂ ਵਿਚਕਾਰ ਇੱਕ ਪੁਲ ਵਜੋਂ ਕੰਮ ਕਰੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਕੇਂਦਰ ਦਾ ਲਾਭ **Canada** 'ਚ ਰਹਿ ਰਹੀਆਂ **PR** ਧਾਰਕ

ਭਾਰਤੀ ਮੂਲ ਦੀਆਂ ਔਰਤਾਂ ਦੇ ਨਾਲ-ਨਾਲ ਵਿਜ਼ਟਰ, ਵਰਕਰ ਅਤੇ ਵਿਦਿਆਰਥੀ ਵੀ ਲੈ ਸਕਦੇ ਹਨ। ਸਿੰਘ ਅਨੁਸਾਰ ਸਭਿਆਚਾਰਕ ਅਤੇ ਸਮਾਜਕ ਰੁਕਾਵਟਾਂ ਕਾਰਨ ਕਈ ਵਾਰ ਔਰਤਾਂ ਖੁੱਲ੍ਹ ਕੇ ਆਪਣੀ ਗੱਲ ਨਹੀਂ ਕਰ ਪਾਉਂਦੀਆਂ ਜਿਸ ਕਾਰਨ ਉਹ ਮਦਦ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ।

ਇਹ ਕੇਂਦਰ ਭਾਰਤੀ ਔਰਤਾਂ ਨੂੰ ਕਈ ਗੰਭੀਰ ਮੁੱਦਿਆਂ 'ਤੇ ਸਹਾਇਤਾ ਪ੍ਰਦਾਨ ਕਰੇਗਾ ਜਿਨ੍ਹਾਂ 'ਚ ਘਰੇਲੂ ਹਿੰਸਾ, ਦਾਜ ਅਤੇ ਸ਼ੋਸ਼ਣ, ਪਰਿਵਾਰਕ ਝਗੜੇ, ਤਿਆਗ ਅਤੇ ਕਾਨੂੰਨੀ ਚੁਣੌਤੀਆਂ ਸ਼ਾਮਿਲ ਹਨ। ਇਸ ਨਵੇਂ ਖੁਲ੍ਹੇ ਕੇਂਦਰ ਵਲੋਂ ਪ੍ਰਭਾਵਿਤ ਔਰਤਾਂ ਨੂੰ ਕਾਨੂੰਨੀ, ਵਿੱਤੀ ਅਤੇ ਭਾਵਨਾਤਮਕ ਸਹਾਇਤਾ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ, ਕੇਂਦਰ ਵਲੋਂ ਤੁਰੰਤ ਕੌਂਸਲਿੰਗ, ਮਨੋ-ਸਮਾਜਕ ਸਹਾਇਤਾ ਅਤੇ ਕਾਨੂੰਨੀ ਸਲਾਹ-ਮਸ਼ਵਰੇ ਲਈ ਤਾਲਮੇਲ ਵੀ ਕੀਤਾ ਜਾਵੇਗਾ। ਕੌਂਸਲੇਟ ਜਨਰਲ ਵਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਇਸ ਕੇਂਦਰ ਦੀ ਸਾਰੀ ਕਾਰਵਾਈ **Canada** ਦੇ ਸਥਾਨਕ ਕਾਨੂੰਨਾਂ ਦੇ ਅਧੀਨ ਹੋਵੇਗੀ।

26 ਦਸੰਬਰ 2025 ਨੂੰ ਸਥਾਪਿਤ ਕੀਤੇ ਗਏ ਇਸ ਕੇਂਦਰ ਨੂੰ ਪਹਿਲੇ ਕੁੱਝ ਦਿਨਾਂ 'ਚ ਹੀ ਭਰਵਾਂ ਹੁੰਗਾਰਾ ਮਿਲਿਆ ਹੈ। ਕਪਿਧਵਜ ਪ੍ਰਤਾਪ ਸਿੰਘ ਅਨੁਸਾਰ ਹੁਣ ਤਕ ਇੱਕ ਦਰਜਨ ਤੋਂ ਵੱਧ ਔਰਤਾਂ ਵੱਖ-ਵੱਖ ਸਮੱਸਿਆਵਾਂ ਨੂੰ ਲੈ ਕੇ ਇਸ ਕੇਂਦਰ ਤਕ ਪਹੁੰਚ ਕਰ ਚੁੱਕੀਆਂ ਹਨ। ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਕੇਂਦਰ ਲੋੜਵੰਦ ਔਰਤਾਂ ਨੂੰ ਵਿੱਤੀ ਸਹਾਇਤਾ ਵੀ ਪ੍ਰਦਾਨ ਕਰੇਗਾ।

Minneapolis 'ਚ ICE ਵਲੋਂ ਮਾਰੀ ਔਰਤ ਦੀ ਹੋਈ ਪਛਾਣ

ਇੱਕ US Immigration and Customs Enforcement (ICE) ਅਧਿਕਾਰੀ ਦੁਆਰਾ ਗੋਲੀ ਮਾਰ ਕੇ ਮਾਰੀ ਗਈ 37 ਸਾਲਾ ਔਰਤ ਦੀ ਪਛਾਣ ਹੁਣ ਹੋ ਗਈ ਹੈ। Minneapolis Star Tribune ਅਤੇ New York Times ਅਨੁਸਾਰ ਪੀੜਤ ਦਾ ਨਾਮ ਰਨੇ ਨਿਕੋਲ ਗੁੱਡ ਸੀ। ਮਿਨੀਸੋਟਾ ਦੇ ਗਵਰਨਰ ਟਿਮ ਵਾਲਜ਼ ਨੇ ਮਹਿਲਾ ਦੀ ਮੌਤ ਲਈ ਟਰੰਪ ਪ੍ਰਸ਼ਾਸਨ ਦੀ ਲਾਪਰਵਾਹੀ ਨੂੰ ਜ਼ਿੰਮੇਵਾਰ ਠਹਿਰਾਇਆ, ਅਤੇ ਉਨ੍ਹਾਂ ਕਿਹਾ ਕਿ ਅਜਿਹਾ ਓਦੋਂ ਤਕ ਹੁੰਦਾ ਰਹੇਗਾ ਜਦੋਂ ਤਕ 935 ਦੇ ਏਜੈਂਟਸ ਉਨ੍ਹਾਂ ਦੇ ਸ਼ਹਿਰ 'ਚ ਦਨਦਨਾਉਂਦੇ ਰਹਿਣਗੇ।

ਬੁੱਧਵਾਰ 7 ਜਨਵਰੀ ਦੀ ਰਾਤ ਨੂੰ ਸੈਂਕੜੇ ਲੋਕ ਉਸ ਜਗ੍ਹਾ 'ਤੇ ਇੱਕ ਚੌਕਸੀ ਇਕੱਠ ਤਹਿਤ ਇਕੱਤਰ ਹੋਣਾ ਸ਼ੁਰੂ ਹੋ ਗਏ ਹਨ ਜਿਹੜਾ ਉਸ ਸਥਾਨ ਤੋਂ ਦੋ ਕਿਲੋਮੀਟਰ ਤੋਂ ਵੀ ਘੱਟ ਦੂਰ ਹੈ ਜਿੱਥੇ 2020 'ਚ ਪੁਲੀਸ ਦੁਆਰਾ ਜੌਰਜ ਫ਼ਲੌਇਡ ਨੂੰ ਮਾਰਿਆ ਗਿਆ ਸੀ।

ਵ੍ਹਾਈਟ ਹਾਊਸ ਅਤੇ ਸਥਾਨਕ ਅਧਿਕਾਰੀਆਂ ਦੇ ਘਟਨਾਵਾਂ ਦੇ ਵੱਖੋ-ਵੱਖਰੇ ਸੰਸਕਰਣ ਹਨ। US ਰਾਸ਼ਟਰਪਤੀ ਡੌਨਲਡ ਟਰੰਪ ਨੇ ਦਾਅਵਾ ਕੀਤਾ ਕਿ 935 ਦੀ ਗੋਲੀ ਨਾਲ ਮਾਰੀ ਗਈ ਔਰਤ ਅਧਿਕਾਰੀਆਂ ਦੇ ਰਾਹ 'ਚ ਇੱਕ ਰੁਕਾਵਟ ਬਣ ਕੇ ਵਿਰੋਧ ਕਰ ਰਹੀ ਸੀ, ਅਤੇ ਹੋਮਲੈਂਡ ਸੈਕਿਓਰਿਟੀ ਸੈਕਟਰੀ ਕ੍ਰਿਸਟੀ ਨੋਅਮ ਨੇ ਮਾਰੀ ਗਈ ਮਹਿਲਾ ਦੀਆਂ ਕਾਰਵਾਈਆਂ ਨੂੰ ਘਰੇਲੂ ਅੱਤਵਾਦ ਦਾ ਕੰਮ ਗਰਦਾਨਿਆ, ਪਰ Minneappolis ਦੇ ਮੇਅਰ ਨੇ ਕਿਹਾ ਕਿ US Federal ਅਧਿਕਾਰੀਆਂ ਵਲੋਂ ਵਾਪਰੀ ਘਟਨਾ ਬਾਰੇ ਦਿੱਤਾ ਜਾ ਰਿਹਾ ਚਰਿੱਤਰੀਕਰਣ ਸਰਾਸਰ ਬਕਵਾਸ ਸੀ।

ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
Security Cameras CCTV Live Monitoring 647-863-9232
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
Sher Atta $14.99 20LB 905-678-0300

ਪੰਜਾਬ 'ਚ ਲੱਗੇ ਅਕਾਲੀ-ਭਾਜਪਾ ਗਠਜੋੜ ਦੇ ਪੋਸਟਰ

ਅੰਮ੍ਰਿਤਸਰ: ਅਕਾਲੀ-ਭਾਜਪਾ ਗਠਜੋੜ ਨੂੰ ਲੈ ਕੇ ਭਾਵੇਂ ਅਜੇ ਤਕ ਦੋਵਾਂ ਧਿਰਾਂ ਵਲੋਂ ਕੋਈ ਅਧਿਕਾਰਿਕ ਬਿਆਨ ਨਹੀਂ ਆਇਆ, ਪਰ ਅੰਮ੍ਰਿਤਸਰ 'ਚ ਗਠਜੋੜ ਦੀ ਝਲਕ ਵਾਲੇ ਪੋਸਟਰ ਜ਼ਰੂਰ ਲੱਗ ਗਏ ਹਨ। ਇਨ੍ਹਾਂ ਪੋਸਟਰਾਂ 'ਚ ਭਾਜਪਾ ਅਤੇ ਅਕਾਲੀ ਦਲ ਵਲੋਂ ਸਾਂਝੇ ਤੌਰ 'ਤੇ ਨਵੇਂ ਸਾਲ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ ਹਨ। ਕਿਸਾਨ ਅੰਦੋਲਨ ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ ਕਿਸੇ ਪੋਸਟਰ 'ਚ ਅਕਾਲੀ-ਭਾਜਪਾ ਲੀਡਰ ਇਕੱਠੇ ਨਜ਼ਰ ਆਏ ਹਨ। ਪੋਸਟਰ 'ਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਅਮਿਤ ਸ਼ਾਹ, ਤਰੁਣ ਚੁੱਘ, ਸੁਨੀਲ ਜਾਖੜ ਭਾਜਪਾ ਦੇ ਸੀਨੀਅਰ ਆਗੂਆਂ ਦੀਆਂ ਤਸਵੀਰਾਂ ਤੋਂ ਇਲਾਵਾ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਦੀਆਂ ਤਸਵੀਰਾਂ ਹਨ।

ਪੋਸਟਰ 'ਤੇ ਨੌਜਵਾਨ ਆਗੂ ਮਨਸੀਰਤ ਸਿੰਘ ਦਾ ਨਾਮ ਹੈ, ਅਤੇ ਆਖਿਆ ਜਾ ਰਿਹਾ ਹੈ ਕਿ ਪੋਸਟਰ ਵੀ ਉਸੇ ਵਲੋਂ ਲਗਾਏ ਗਏ ਹਨ। ਹਾਲਾਂਕਿ ਦੋਵਾਂ ਧਿਰਾਂ (ਅਕਾਲੀ-ਭਾਜਪਾ) ਵਲੋਂ ਗਠਜੋੜ ਸੰਬੰਧੀ ਫ਼ਿਲਹਾਲ ਕੋਈ ਬਿਆਨ ਸਾਹਮਣੇ ਨਹੀਂ ਆਇਆ, ਪਰ ਇਸ ਪੋਸਟਰ ਨੇ ਸਿਆਸੀ ਹਲਕਿਆਂ 'ਚ ਹਲਚਲ ਪੈਦਾ ਕਰ ਦਿੱਤੀ ਹੈ।

ਹਾਲਾਂਕਿ ਭਾਜਪਾ ਦੇ ਪ੍ਰਧਾਨ ਸੁਨੀਲ ਕੁਮਾਰ ਜਾਖੜ ਅਤੇ ਕੈਪਟਨ ਅਮਰਿੰਦਰ ਸਿੰਘ ਖੁੱਲ੍ਹੇ ਤੌਰ 'ਤੇ ਦੋਵਾਂ ਧਿਰਾਂ ਵਿਚਾਲੇ ਗਠਜੋੜ ਦੀ ਵਕਾਲਤ ਕਰਦੇ ਰਹੇ ਹਨ, ਪਰ ਬੀਤੇ ਦਿਨੀਂ ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਨੇ ਨੰਗਲ ਵਿਖੇ ਇੱਕ ਸਮਾਗਮ ਦੌਰਾਨ ਇਹ ਸਾਫ਼ ਕਰ ਦਿੱਤਾ ਸੀ ਕਿ ਭਾਜਪਾ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਚ ਸਾਰੀਆਂ 117 ਸੀਟਾਂ 'ਤੇ ਇਕੱਲਿਆਂ ਹੀ ਲੜੇਗੀ। ਉਨ੍ਹਾਂ ਸਪੱਸ਼ਟ ਕੀਤਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਨਾਲ ਗਠਜੋੜ ਲਈ ਕੋਈ ਗੱਲਬਾਤ ਨਹੀਂ ਚੱਲ ਰਹੀ, ਅਤੇ ਪਾਰਟੀ ਹੇਠਲੇ ਪੱਧਰ 'ਤੇ ਆਪਣੀ ਤਾਕਤ ਵਧਾ ਰਹੀ ਹੈ। ਚੁੱਘ ਨੇ ਦਾਅਵਾ ਕੀਤਾ ਕਿ ਭਾਜਪਾ ਪਹਿਲੀ ਵਾਰ ਪੰਜਾਬ 'ਚ ਆਪਣੇ ਦਮ 'ਤੇ ਸਰਕਾਰ ਬਣਾਉਣ ਦੀ ਸਥਿਤੀ 'ਚ ਹੈ। ਦੂਜੇ ਪਾਸੇ ਅਕਾਲੀ ਦਲ ਦੇ ਆਗੂ ਵੀ ਖੁੱਲ੍ਹੇ ਤੌਰ 'ਤੇ ਗਠਜੋੜ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦੀ ਹਲਚਲ ਤੋਂ ਇਨਕਾਰ ਕਰਦੇ ਰਹੇ ਹਨ।

ਗ੍ਰੀਨਲੈਂਡ 'ਤੇ ਟਰੰਪ ਦੇ ਦਾਅਵੇ ਮਗਰੋਂ ਯੌਰਪੀ ਦੇਸ਼ਾਂ ਦੀ US ਨੂੰ ਨਸੀਹਤ

ਕੋਪਨਹੈਗਨ: ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਵਲੋਂ ਗ੍ਰੀਨਲੈਂਡ ਨੂੰ ਅਮਰੀਕਾ 'ਚ ਸ਼ਾਮਿਲ ਕਰਨ ਦੀ ਟਿਪਣੀ ਨੇ ਅੰਤਰਰਾਸ਼ਟਰੀ ਸਿਆਸਤ 'ਚ ਭੂਚਾਲ ਲਿਆ ਦਿੱਤਾ ਹੈ। ਉਸ ਬਿਆਨ ਤੋਂ ਬਾਅਦ ਯੌਰਪ ਦੇ ਕਈ ਵੱਡੇ ਦੇਸ਼ਾਂ ਨੇ ਅਮਰੀਕਾ ਦੇ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਫ਼ਰਾਂਸ, ਜਰਮਨੀ, ਇਟਲੀ, ਪੋਲੈਂਡ, ਸਪੇਨ ਤੇ ਬ੍ਰਿਟੇਨ ਵਰਗੇ ਦੇਸ਼ਾਂ ਨੇ ਡੈਨਮਾਰਕ ਦੀ ਪ੍ਰਧਾਨ ਮੰਤਰੀ ਮੇਟੇ ਫ਼੍ਰੇਡਰਿਕਸਨ ਦਾ ਸਮਰਥਨ ਕਰਦਿਆਂ ਗ੍ਰੀਨਲੈਂਡ ਦੀ ਪ੍ਰਭੂਸੱਤਾ ਨੂੰ ਬਰਕਰਾਰ ਰੱਖਣ ਦੀ ਗੱਲ ਕਹੀ ਹੈ।

ਰਣਨੀਤਕ ਅਤੇ ਖਣਿਜ ਸਰੋਤਾਂ 'ਤੇ ਅੱਖ: ਸਰੋਤਾਂ ਅਨੁਸਾਰ ਯੌਰਪੀ ਨੇਤਾਵਾਂ ਨੇ ਇੱਕ ਸਾਂਝਾ ਬਿਆਨ ਜਾਰੀ ਕਰ ਕੇ ਸਪੱਸ਼ਟ ਕੀਤਾ ਹੈ ਕਿ ਆਰਕਟਿਕ ਟਾਪੂ ਗ੍ਰੀਨਲੈਂਡ, ਜੋ ਕਿ ਰਣਨੀਤਕ ਅਤੇ ਖਣਿਜ ਸਰੋਤਾਂ ਨਾਲ ਮਾਲਾਮਾਲ ਹੈ, ਦੇ ਲੋਕਾਂ ਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਬਾਹਰੀ ਦੇਸ਼ ਦਾ ਇਸ 'ਤੇ ਦਾਅਵਾ ਸਵੀਕਾਰ ਨਹੀਂ ਕੀਤਾ ਜਾ ਸਕਦਾ। ਦੱਸਣਯੋਗ ਹੈ ਕਿ ਗ੍ਰੀਨਲੈਂਡ ਡੈਨਮਾਰਕ ਸਾਮਰਾਜ ਦਾ ਇੱਕ ਖ਼ੁਦਮੁਖ਼ਤਿਆਰ ਖੇਤਰ ਹੈ।

NATO ਲਈ ਵੱਡਾ ਖ਼ਤਰਾ: ਡੈਨਮਾਰਕ ਦੀ ਪ੍ਰਧਾਨ ਮੰਤਰੀ ਮੇਟੇ ਫ਼੍ਰੇਡਰਿਕਸਨ ਨੇ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਗ੍ਰੀਨਲੈਂਡ 'ਤੇ ਅਮਰੀਕੀ ਕਬਜ਼ੇ ਦੀ ਗੱਲ ਕਰਨਾ **NATO** ਸੈਨਿਕ ਗਠਜੋੜ ਦੇ ਅੰਤ ਵਰਗਾ ਹੋਵੇਗਾ। ਦੂਜੇ ਪਾਸੇ ਵ੍ਹਾਈਟ ਹਾਊਸ ਦੇ ਡਿਪਟੀ ਚੀਫ਼ ਔਫ਼ ਸਟਾਫ਼ ਸਟੀਫ਼ਨ ਮਿਲਰ ਨੇ ਟਰੰਪ ਦਾ ਪੱਖ ਪੂਰਦਿਆਂ ਕਿਹਾ ਕਿ ਰਾਸ਼ਟਰਪਤੀ ਪਿਛਲੇ ਕਈ ਮਹੀਨਿਆਂ ਤੋਂ ਸਪੱਸ਼ਟ ਹਨ ਕਿ ਅਮਰੀਕਾ ਨੂੰ ਗ੍ਰੀਨਲੈਂਡ ਨੂੰ ਆਪਣੀ ਸੁਰੱਖਿਆ ਪ੍ਰਣਾਲੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ।

ਇੰਡੀਅਨ ਵੀਜ਼ਾ OCI & Passport Renewal 514-389-7070
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
ਲੀਗਲ ਸੇਵਾਵਾਂ 905-913-2355
Line of Credit Fix Bad Credit Get OSAP Loan 905-965-4644
ਵਕੀਲ ਦੀ ਲੋੜ ? 905-362-0755

ਕੀ ਬਾਬਾ ਵੈਂਗਾ ਤੇ ਨਾਸਤ੍ਰਦੇਮੱਸ ਦੀਆਂ ਭਵਿੱਖਬਾਣੀਆਂ ਹੋ ਰਹੀਆਂ ਨੇ ਸੱਚ ?

ਨਿਊ ਯੌਰਕ: ਸਾਲ 2026 ਦੀ ਸ਼ੁਰੂਆਤ ਹੁੰਦਿਆਂ ਹੀ ਦੁਨੀਆਂ ਭਰ 'ਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਅਮਰੀਕਾ ਵਲੋਂ ਵੈਨੇਜ਼ੂਏਲਾ 'ਤੇ ਕੀਤੀ ਗਈ ਵੱਡੀ ਫ਼ੌਜੀ ਕਾਰਵਾਈ ਨੇ ਨਾਸਤ੍ਰਦੇਮੱਸ ਅਤੇ ਬਾਬਾ ਵੈਂਗਾ ਦੀਆਂ ਡਰਾਉਣੀਆਂ ਭਵਿੱਖਬਾਣੀਆਂ ਨੂੰ ਮੁੜ ਚਰਚਾ 'ਚ ਲਿਆ ਦਿੱਤਾ ਹੈ। ਸੋਸ਼ਲ ਮੀਡੀਆ 'ਤੇ ਇਹ ਚਰਚਾ ਤੇਜ਼ ਹੋ ਗਈ ਹੈ ਕਿ ਕੀ ਇਹ ਤੀਜੇ ਵਿਸ਼ਵ ਯੁੱਧ ਦੀ ਸ਼ੁਰੂਆਤ ਹੈ।

ਰਾਤ ਦੇ ਹਨ੍ਹੇਰੇ 'ਚ ਗੁਪਤ ਹਮਲਾ: 3 ਜਨਵਰੀ 2026 ਦੀ ਰਾਤ ਨੂੰ ਜਦੋਂ ਵੈਨੇਜ਼ੂਏਲਾ ਦੀ ਰਾਜਧਾਨੀ ਕਾਰਾਕਾਸ 'ਚ ਸੰਨਾਟਾ ਪਸਰਿਆ ਹੋਇਆ ਸੀ ਓਦੋਂ ਅਮਰੀਕੀ ਸੈਨਾ ਨੇ ਇੱਕ ਜ਼ਬਰਦਸਤ ਹਮਲਾ ਕੀਤਾ। ਸੂਤਰਾਂ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਅਮਰੀਕੀ ਸੈਨਿਕਾਂ ਨੇ ਵੈਨੇਜ਼ੂਏਲਾ ਦੇ ਰਾਸ਼ਟਰਪਤੀ ਨਿਕੋਲਸ ਮਦੂਰੋ ਅਤੇ ਉਨ੍ਹਾਂ ਦੀ ਪਤਨੀ ਸਿਲਿਆ ਫ਼ਲੋਰੇਜ਼ ਨੂੰ ਉਨ੍ਹਾਂ ਦੇ ਬੈਡਰੂਮ 'ਚੋਂ ਹਿਰਾਸਤ 'ਚ ਲੈ ਲਿਆ। ਆਪਣੀਆਂ ਸਦੀਆਂ ਪੁਰਾਣੀਆਂ ਭਵਿੱਖਬਾਣੀਆਂ 'ਚ ਨਾਸਤ੍ਰਦੇਮੱਸ ਨੇ 2026 ਨੂੰ ਯੁੱਧ, ਵਿਨਾਸ਼ ਅਤੇ ਵਿਸ਼ਵ-ਵਿਆਪੀ ਟਕਰਾਅ ਦੇ ਸਾਲ ਵਜੋਂ ਭਵਿੱਖਬਾਣੀ ਕੀਤੀ ਸੀ। ਉਸ ਦੀਆਂ ਭਵਿੱਖਬਾਣੀਆਂ ਦੀ ਵਿਆਖਿਆ ਕਰਨ ਵਾਲੇ ਮਾਹਿਰਾਂ ਦਾ ਕਹਿਣਾ ਹੈ ਕਿ ਮੌਜੂਦਾ ਸਥਿਤੀ ਉਨ੍ਹਾਂ ਭਵਿੱਖਬਾਣੀਆਂ ਦੇ ਅਨੁਸਾਰ ਜਾਪਦੀ ਹੈ।

ਤੀਜੇ ਵਿਸ਼ਵ ਯੁੱਧ ਦੀ ਚਿਤਾਵਨੀ: ਨਾਸਤ੍ਰਦੇਮੱਸ ਅਨੁਸਾਰ ਸਾਲ 2026 'ਚ ਦੁਨੀਆ ਇੱਕ ਅਜਿਹੀ ਸਥਿਤੀ 'ਚ ਫ਼ਸ ਸਕਦੀ ਹੈ ਜੋ ਤੀਜੇ ਵਿਸ਼ਵ ਯੁੱਧ ਦਾ ਕਾਰਨ ਬਣ ਸਕਦੀ ਹੈ। ਉਸ ਦੀ ਭਵਿੱਖਬਾਣੀ 'ਚ ਕਿਹਾ ਗਿਆ ਹੈ

ਕਿ ਧਰਮ ਅਤੇ ਰਾਸ਼ਟਰਵਾਦ ਦੇ ਨਾਮ 'ਤੇ ਹਿੰਸਾ ਫ਼ੈਲੇਗੀ। ਦੇਸ਼ ਇੱਕ-ਦੂਜੇ ਦੇ ਦੁਸ਼ਮਣ ਬਣ ਜਾਣਗੇ। ਆਮ ਵਿਅਕਤੀ ਸਭ ਤੋਂ ਵੱਧ ਪ੍ਰਭਾਵਿਤ ਹੋਵੇਗਾ ਅਤੇ ਮਨੁੱਖੀ ਸੱਭਿਅਤਾ ਵਿਆਪਕ ਤਬਾਹੀ ਵੱਲ ਵੱਧ ਸਕਦੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਰੂਸ-ਯੂਕਰੇਨ ਯੁੱਧ, ਮੱਧ ਪੂਰਬ 'ਚ ਤਨਾਅ ਅਤੇ ਹੁਣ ਅਮਰੀਕਾ-ਵੈਨੇਜ਼ੂਏਲਾ ਟਕਰਾਅ ਇਸ ਦਿਸ਼ਾ ਵੱਲ ਇਸ਼ਾਰਾ ਕਰਦਾ ਹੈ। **ਰਾਤ ਦੇ ਹਨ੍ਹੇਰੇ 'ਚ ਮਧੂ-ਮੱਖੀਆਂ ਵਰਗਾ ਹਮਲਾ:** ਨਾਸਤ੍ਰਦੇਮੱਸ ਦੀਆਂ ਰਹੱਸਮਈ ਭਵਿੱਖਬਾਣੀਆਂ 'ਚੋਂ ਇੱਕ ਰਾਤ ਨੂੰ ਮਧੂ-ਮੱਖੀਆਂ ਦੇ ਝੁੰਡ ਵਰਗੇ ਹਮਲੇ ਦਾ ਜ਼ਿਕਰ ਕਰਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਅਸਲ ਮਧੂ-ਮੱਖੀਆਂ ਦਾ ਨਹੀਂ ਸਗੋਂ ਇੱਕ ਗੁਪਤ, ਯੋਜਨਾਬੱਧ ਅਤੇ ਅਚਾਨਕ ਹਮਲੇ ਦਾ ਹਵਾਲਾ ਦਿੰਦਾ ਹੈ। ਅਮਰੀਕਾ ਦੁਆਰਾ ਵੈਨੇਜ਼ੂਏਲਾ 'ਤੇ ਕੀਤੇ ਗਏ ਰਾਤ ਦੇ ਹਵਾਈ ਹਮਲਿਆਂ ਨੂੰ ਇਸ ਭਵਿੱਖਬਾਣੀ ਨਾਲ ਜੋੜਿਆ ਜਾ ਰਿਹਾ ਹੈ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਆਧੁਨਿਕ ਸਮੇਂ 'ਚ ਇਹ ਡਰੋਨਾਂ, ਮਿਜ਼ਾਇਲਾਂ, ਜਾਂ ਗੁਪਤ ਫ਼ੌਜੀ ਕਾਰਵਾਈਆਂ ਦਾ ਸੰਕੇਤ ਹੋ ਸਕਦਾ ਹੈ।

ਸੱਤ ਮਹੀਨਿਆਂ ਤਕ ਚੱਲਣ ਵਾਲਾ ਇੱਕ ਭਿਆਨਕ ਯੁੱਧ: ਨਾਸਤ੍ਰਦੇਮੱਸ ਦੀ ਭਵਿੱਖਬਾਣੀ 'ਚ ਇੱਕ ਵੱਡੇ ਯੁੱਧ ਦਾ ਜ਼ਿਕਰ ਹੈ ਜੋ ਲਗਭਗ ਸੱਤ ਮਹੀਨੇ ਚੱਲੇਗਾ ਜਿਸ ਕਾਰਨ ਜਾਨ ਅਤੇ ਜਾਇਦਾਦ ਦਾ ਭਾਰੀ ਨੁਕਸਾਨ ਹੋਵੇਗਾ। ਦੋ ਪ੍ਰਮੁੱਖ ਵਿਸ਼ਵ ਨੇਤਾਵਾਂ ਵਿਚਕਾਰ ਸਿੱਧਾ ਟਕਰਾਅ ਸੰਭਵ ਹੈ। ਦੋਵੇਂ ਨੇਤਾ ਆਪ